## ਸ਼ੇਖ ਫ਼ਰੀਦ - ਸਬਦ ੯੭

## ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੯੨

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥

ਸਾਰ: ਅਸਥਿਰਤਾ ਅਤੇ ਨੁਕਸਾਨ ਸਿਰਫ਼ ਸਿਧਾਂਤਕ ਗੱਲਾਂ ਨਹੀਂ ਹਨ; ਇਹ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹਨ, ਜੋ ਸਾਨੂੰ ਸੂਖਮ ਅਤੇ ਸਪਸ਼ਟ ਦੋਹਾਂ ਢੰਗਾਂ ਨਾਲ ਪ੍ਰਭਾਵਿਤ ਕਰਦੀਆਂ ਹਨ। ਫਿਰ ਵੀ ਅਸੀਂ ਅਕਸਰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਇਸ ਤਰ੍ਹਾਂ ਜੀਉਂਦੇ ਹਾਂ ਜਿਵੇਂ ਸਥਿਰਤਾ ਪੱਕੀ ਹੈ ਅਤੇ ਬਦਲਾਅ ਕਿਧਰੇ ਵਿਰਲਾ ਹੈ। ਅਸੀਂ ਗੂੜ੍ਹ ਚਿੰਤਨ ਨੂੰ ਟਾਲਦੇ ਹੋਏ, ਸਮੇਂ ਦੀ ਛਿੰਨਭੰਗਰਤਾ ਰੂਪੀ ਸੱਚਾਈ ਨੂੰ ਨਹੀਂ ਸਮਝ ਸਕਦੇ। ਅਕਸਰ ਕਿਸੇ ਬਦਲਾਅ ਜਾਂ ਘਾਟੇ ਤੋਂ ਬਾਅਦ ਅਸੀਂ ਉਸ ਸੱਚਾਈ ਦੇ ਮੁਖ਼ਾਤਿਬ ਹੁੰਦੇ ਹਾਂ ਜੋ ਸਾਡੇ ਇਰਦ-ਗਿਰਦ ਪਹਿਲਾਂ ਹੀ ਹਾਜ਼ਰ ਸੀ। ਅਸਲ ਚੁਣੌਤੀ ਅਸਥਿਰਤਾ ਨੂੰ ਸਿਰਫ਼ ਬੋਧਿਕ ਤੌਰ 'ਤੇ ਸਮਝਣ ਵਿਚ ਨਹੀਂ, ਸਗੋਂ ਇਸਨੂੰ ਤਹਿ ਦਿਲੋਂ ਸਵੀਕਾਰ ਕਰਨ ਵਿਚ ਹੈ, ਜਦ ਤੱਕ ਸਾਡੇ ਕੋਲ ਇਸ ਸੱਚਾਈ ਨੂੰ ਜਾਣਨ ਦਾ ਮੌਕਾ ਹੈ।

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਇਨ੍ਹਾਂ ਅੱਖਾਂ ਨਾਲ, ਮੈਂ ਇਸ ਜਹਾਨ ਤੋਂ ਬਹੁਤ ਸਾਰਿਆਂ ਨੂੰ ਰੁਖ਼ਸਤ ਹੁੰਦਿਆਂ ਵੇਖਿਆ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅਸਥਿਰਤਾ ਅਤੇ ਘਾਟੇ ਦੂਰ-ਦੁਰਾਡੇ ਦੇ ਸਿਧਾਂਤ ਨਹੀਂ ਹਨ; ਇਹ ਰੋਜ਼ਾਨਾ ਦੀਆਂ ਹਕੀਕਤਾਂ ਹਨ, ਫਿਰ ਵੀ ਅਸੀਂ ਅਕਸਰ ਇਸ ਤਰ੍ਹਾਂ ਕਰਮ ਕਰਦੇ ਹਾਂ ਜਿਵੇਂ ਉਹ ਸਾਡੇ 'ਤੇ ਪ੍ਰਭਾਵ ਨਹੀਂ ਪਾਉਂਦੇ।

ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥
ਫਰੀਦ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਹਰ ਕਿਸੇ ਕੋਲ ਆਪਣੇ ਲਈ ਪਲ ਹੁੰਦੇ ਹਨ, ਅਤੇ ਮੇਰ ਕੋਲ ਵੀ ਇਹ ਸੁਨਿਹਰੀ ਦਾਤ ਹੈ। ਇਹ ਭਾਵ ਇਸ ਸੱਚਾਈ ਨੂੰ ਉਜਾਗਰ ਕਰਦਾ ਹੈ ਕਿ ਸਾਡੇ ਹਰੇਕ ਕੋਲ ਅਨੁਭਵ ਕਰਨ ਲਈ ਇਕ ਵਿਲੱਖਣ ਯਾਤਰਾ ਹੈ। (੯੪)

**ਤੱਤ:** ਸ਼ੇਖ ਫ਼ਰੀਦ ਇਕ ਦਿਲਚਸਪ ਵਿਰੋਧਾਭਾਸ ਪੇਸ਼ ਕਰਦੇ ਹਨ: ਸਾਡੇ ਵਿਚੋਂ ਹਰ ਕੋਈ ਇਕ ਅਜਿਹੀ ਯਾਤਰਾ ਦਾ ਮੁਸਾਫ਼ਿਰ ਹੈ ਜੋ ਵਿਲੱਖਣ ਤੌਰ 'ਤੇ ਸਾਡੀ ਆਪਣੀ ਹੁੰਦੀ ਹੈ। ਹਾਲਾਂਕਿ ਅਸੀਂ ਇਕੋ ਦੁਨੀਆਂ ਵਿਚ ਰਹਿੰਦੇ ਹਾਂ ਅਤੇ ਇੱਕੋ ਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਦੇ ਹਾਂ, ਪਰ ਉਨ੍ਹਾਂ ਪ੍ਰਤੀ ਸਾਡੀਆਂ ਵਿਆਖਿਆਵਾਂ ਅਤੇ ਸੂਝਾਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਹਰੇਕ ਵਿਅਕਤੀ ਦੇ ਅਨੁਭਵ ਆਪਣੇ ਤਰੀਕੇ ਨਾਲ ਪ੍ਰਗਟ ਹੁੰਦੇ ਹਨ, ਅਤੇ ਕੋਈ ਵੀ ਦੂਜੇ ਵਿਅਕਤੀ ਦੀ ਸੂਝ ਜਾਂ ਅਨੁਭਵ ਨੂੰ ਪੂਰੀ ਤਰ੍ਹਾਂ ਅਪਣਾ ਜਾਂ ਵਿਅਕਤ ਨਹੀਂ ਕਰ ਸਕਦਾ। ਇਸਦਾ ਭਾਵ-ਅਰਥ ਹੈ ਕਿ ਜੀਵਨ ਇਕ ਸਾਂਝੇ ਧਰਾਤਲ ਉਪਰ ਅਨੁਭਵ ਹਾਸਿਲ ਕਰਨ ਦੀ ਇਕ ਪ੍ਰਕਿਰਿਆ ਹੈ, ਜਿਸ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਦੁਆਰਾ ਘੜਿਆ ਜਾਂਦਾ ਹੈ ਜੋ ਸਾਡੇ ਸਮੂਹਿਕ ਅਨੁਭਵ ਵਿਚ ਯੋਗਦਾਨ ਪਾਉਂਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**